# 6th India-EU Cyber Dialogue

## ਭਾਰਤ -ਯੂਰਪੀ ਸੰਘ ਦਰਮਿਆਨ 6ਵਾਂ ਸਾਈਬਰ ਸੰਵਾਦ

17 ਦਸੰਬਰ, 2020

ਭਾਰਤ -ਯੂਰਪੀ ਸੰਘ ਦਰਮਿਆਨ ਸਾਈਬਰ ਸੰਵਾਦ ਦਾ 6ਵਾਂ ਗੇੜ 4 ਦਸੰਬਰ, 2020 ਨੂੰ ਭਾਰਤ ਦੁਆਰਾ ਵਰਚੁਅਲ ਮਾਧਿਅਮ ਰਾਹੀਂ ਕਰਾਇਆ ਗਿਆ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸਾਈਬਰ ਡਿਪਲੋਮੇਸੀ ਡਿਵੀਜ਼ਨ ਦੇ ਸਾਂਝਾ ਸਕੱਤਰ ਡਾ. ਐਸ. ਜਾਨਕੀਰਮਨ ਅਤੇ ਯੂਰਪੀ ਸੰਘ ਦੇ ਵਫਦ ਦੀ ਅਗਵਾਈ EEAS ਦੀ ਸੁਰੱਖਿਆ ਅਤੇ ਰੱਖਿਆ ਨਿਦੇਸ਼ਕ ਸ਼੍ਰੀਮਤੀ ਜੋਐਨਕੇ ਬਲਫੋਰਟ ਨੇ ਕੀਤੀ।

ਦੋਵਾਂ ਪੱਖਾਂ ਨੇ ਸਮਕਾਲੀ ਮੁੱਦਿਆਂ, GGE, OEWG ਜਾਂ OSCE ਅਤੇ ARF ਸਮੇਤ ਖੇਤਰੀ ਮੰਚਾਂ 'ਤੇ ਯੂਰਪੀ ਸੰਘ ਸਾਈਬਰ ਡਿਪਲੋਮੇਸੀ ਟੂਲਬਾਕਸ, ਸਾਈਬਰ ਕ੍ਰਾਈਮ ਬਾਰੇ ਸਹਿਯੋਗ ਅਤੇ ਉਸ ਅੰਦਰ ਸਮਰੱਥਾ ਨਿਰਮਾਣ ਵਿੱਚ ਸਹਿਯੋਗ; ਸਮਕਾਲੀ ਮੁੱਦੇ ਅਤੇ ਸਾਈਬਰ ਨੀਤੀਆਂ 'ਤੇ ਵਟਾਂਦਰੇ; ਇੰਟਰਨੈਟ ਗਵਰਨੈਂਸ; ਨਵੀਂਆਂ ਉਭਰ ਰਹੀਆਂ ਸਾਈਬਰ ਟੈਕਨੋਲੋਜੀਆਂ ਬਾਰੇ ਵਿਚਾਰ ਵਟਾਂਦਰੇ ਕੀਤੇ।

ਦੋਵਾਂ ਧਿਰਾਂ ਨੇ ਖੁੱਲ੍ਹੇ, ਮੁਕਤ, ਸੁਰੱਖਿਅਤ, ਸਥਿਰ, ਸ਼ਾਂਤਮਈ ਅਤੇ ਪਹੁੰਚ-ਯੋਗ ਸਾਈਬਰਸਪੇਸ ਪ੍ਰਤੀ ਆਪਣੀ ਵਚਨਬੱਧਤਾ ਦੀ ਤਸਦੀਕ ਕੀਤੀ, ਜਿਸ ਨਾਲ ਆਰਥਿਕ ਵਿਕਾਸ ਅਤੇ ਨਵੀਨਤਾ ਮੁਮਕਿਨ ਹੋ ਸਕੇ. ਸਾਈਬਰ ਸਪੇਸ ਦੇ ਬਹੁਤ ਸਾਰੇ ਮੁੱਦਿਆਂ 'ਤੇ ਦੋਨਾਂ ਪੱਖਾਂ ਦੇ ਵਿਚਾਰ ਇੱਕੋ ਜਿਹੇ ਸਨ। ਉਨ੍ਹਾਂ ਨੇ ਸਾਈਬਰ ਸਪੇਸ ਅਤੇ ਇਸ ਦੀ ਗਵਰਨੈਂਸ ਦੇ ਮਾਮਲੇ 'ਚ ਦੋਵਾਂ ਸਮਾਜਾਂ ਦੀਆਂ ਕਦਰਾਂ ਕੀਮਤਾਂ ਜਿਵੇਂ ਕਾਨੂੰਨ ਦਾ ਰਾਜ, ਲੋਕਤੰਤਰੀ ਕਦਰਾਂ ਕੀਮਤਾਂ ਅਤੇ ਬੁਨਿਆਦੀ ਆਜ਼ਾਦੀਆਂ ਦੀ ਪਾਲਣਾ ਕਰਨ ਦੀ ਲੋੜ ਪਰਵਾਨ ਕੀਤੀ।

ਦੋਵੇਂ ਧਿਰਾਂ ਨੇ ਅਗਲਾ ਭਾਰਤ- ਯੂਰਪੀ ਸੰਘ ਸਾਈਬਰ ਸੰਵਾਦ ਬ੍ਰਸੇਲਜ਼ ਵਿੱਚ ਕਰਵਾਉਣ ਉੱਤੇ ਸਹਿਮਤੀ ਦਿੱਤੀ।

ਨਵੀਂ ਦਿਲੀ
17 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.